# ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

**ਐਸ.ਸੀ.ਓ. – 104-106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 – ਏ, ਚੰਡੀਗੜ੍ਹ।**

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
2. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
3. ਸਮੂਹ ਪ੍ਰਿੰਸੀਪਲ/ ਮੁੱਖ ਅਧਿਆਪਕ ਸਕੂਲ ( ਵੈਬਸਾਇਟ ਰਾਹੀਂ)

ਮੀਮੋ ਨੰ: 2010/ਸਸਅ/ਕੋਆਰਡੀਨੇਸ਼ਨ/57201
ਮਿਤੀ: ਚੰਡੀਗੜ੍ਹ 06.09.2010

**ਵਿਸ਼ਾ: ਬਦਲੀ ਹੋਏ ਅਧਿਆਪਕਾਂ/ਕਰਮਚਾਰੀਆਂ ਦੀ ਸਰਵਿਸ ਬੁੱਕ ਮੁਕੰਮਲ ਕਰਨ ਉਪਰੰਤ ਨਵੀਂ ਥਾਵਾਂ ਤੇ ਭੇਜਣ ਬਾਰੇ ।**

**ਹਵਾਲਾ: ਪੱਤਰ ਨੰ: 2010/ਸਸਅ/ਕੋਆਰਡੀਨੇਸ਼ਨ/45772 ਮਿਤੀ: 08.07.2010, 2010/ਸਸਅ/ਕੋਆਰਡੀਨੇਸ਼ਨ/55158 ਮਿਤੀ: ਚੰਡੀਗੜ੍ਹ 27.08.2010**

1.0 ਉਪਰੋਕਤ ਹਵਾਲੇ ਅਧੀਨ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਹਾਵੇ ਜੀ।

2.0 ਆਪਜੀ ਨੂੰ ਪਤਾ ਹੈ ਕਿ ਪੰਜਾਬ ਸਰਕਾਰ ਦੁਆਰਾ ਜਾਰੀ ਕੀਤੀ ਗਈ ਪਾਲਿਸੀ ਤਹਿਤ ਵਿਭਾਗ ਦੁਆਰਾ ਸਮੇਂ ਸਮੇਂ ਅਧਿਆਪਕਾਂ ਅਤੇ ਦੂਜੇ ਕਰਮਚਾਰੀਆਂ ਦੀਆਂ ਬਦਲੀਆਂ ਕੀਤੀਆਂ ਗਈਆਂ ਸਨ। ਆਮ ਤੌਰ ਤੇ ਇਹ ਵੇਖਣ ਵਿੱਚ ਆਇਆ ਹੈ ਕਿ ਜਦੋਂ ਅਧਿਆਪਕ / ਦੂਜੇ ਕਰਮਚਾਰੀ ਇਕ ਸਕੂਲ ਤੋਂ ਦੂਜੇ ਸਕੂਲ ਵਿੱਚ ਬਦਲੇ ਜਾਂਦੇ ਹਨ ਤਾਂ ਉਨ੍ਹਾਂ ਦੀ ਸਰਵਿਸ ਬੁੱਕ ਕਾਫੀ ਲੰਮੇ ਸਮੇਂ ਤੱਕ ਵੀ ਨਵੇਂ ਥਾਂ ਤੇ ਨਹੀਂ ਪਹੁੰਚਦੀ। ਜਿਸ ਦੀ ਵਜ੍ਹਾ ਕਰਕੇ ਉਨ੍ਹਾਂ ਨੂੰ ਬੜੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਦੀ ਤਨਖਾਹ ਵੀ ਨਹੀਂ ਨਿਕਲਦੀ।

3.0 ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁਖ ਰੱਖਦੇ ਹੋਏ ਆਪ ਜੀ ਨੂੰ ਦੁਬਾਰਾ ਹਦਾਇਤ ਕੀਤੀ ਜਾਂਦੀ ਹੈ ਕਿ ਜਿਸ ਵੀ ਅਧਿਆਪਕ ਜਾਂ ਕਰਮਚਾਰੀ ਦੀ ਬਦਲੀ ਸਰਕਾਰ ਦੁਆਰਾ ਕੀਤੀ ਗਈ ਹੈ, ਉਸ ਦੀ ਸਰਵਿਸ ਬੁੱਕ ਮੁਕਮੰਲ ਕਰਕੇ ਸੱਤ ਦਿਨਾਂ ਦੇ ਵਿੱਚ ਉਸ ਦੀ ਅਗਲੀ ਥਾਂ ਤੇ ਨਿਯਮਾਂ ਮੁਤਾਬਿਕ ਭੇਜੀ ਜਾਵੇ।

4.0 ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।ਇਸ ਦੇ ਵਿੱਚ ਜੇਕਰ ਕੋਈ ਅਣਗਿਹਲੀ ਸਾਹਮਣੇ ਆਉਂਦੀ ਹੈ ਤਾਂ ਜਿੰਮੇਵਾਰੀ ਸਥਾਪਤ ਸਕੂਲ ਮੁੱਖੀ ਦੀ ਹੋਵੇਗੀ ਅਤੇ ਨਿਯਮਾਂ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ।